# EAM inaugurates the 15th CII-EXIM Bank Africa-India Conclave

September 22, 2020

…………………………………………………………………………………………………………

## ਵਿਦੇਸ਼ ਮੰਤਰੀ ਨੇ ਕੀਤਾ 15ਵੇਂ CII-EXIM ਬੈਂਕ ਅਫਰੀਕਾ -ਭਾਰਤ ਸੰਮੇਲਨ ਦਾ ਉਦਘਾਟਨ

22 ਸਤੰਬਰ, 2020

ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਨਵੀਂ ਦਿੱਲੀ ਵਿਖੇ 22 ਸਤੰਬਰ ਨੂੰ ਭਾਰਤ-ਅਫਰੀਕਾ ਪ੍ਰੋਜੈਕਟ ਭਾਈਵਾਲੀ ਬਾਰੇ 15ਵੇਂ CII-EXIM ਬੈਂਕ ਅਫਰੀਕਾ-ਭਾਰਤ ਸੰਮੇਲਨ ਦੀ ਸ਼ੁਰੂਆਤ ਦੇ ਮੌਕੇ 'ਤੇ ਵਰਚੁਅਲ ਮਾਧਿਅਮ ਰਾਹੀਂ ਉਦਘਾਟਨੀ ਭਾਸ਼ਣ ਦਿੱਤਾ।

ਉਦਘਾਟਨੀ ਸਤਰ ਵਿਚ ਹਿੱਸਾ ਲੈਣ ਵਾਲੇ ਪਤਵੰਤੇ ਮਹਿਮਾਨਾਂ ਵਿਚ ਕਾਂਗੋ ਲੋਕਤੰਤਰੀ ਗਣਰਾਜ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਸਿਲਵੈਸਟਰ ਇਲਊਂਗਾ, ਮਾਰੀਸ਼ਸ ਦੇ ਉਪ-ਪ੍ਰਧਾਨ ਮੰਤਰੀ ਮਹਾਮਹਿਮ ਡਾ. ਮੁਹੰਮਦ ਅਨਵਰ ਹੁਸਨੂੰ, ਕੀਨੀਆ ਦੇ ਵਿਦੇਸ਼ ਮਾਮਲਿਆਂ ਲਈ ਕੈਬਨਿਟ ਸਕੱਤਰ ਸ਼੍ਰੀਮਤੀ ਰੇਚੇਲ ਅਵਰ ਓਮਾਮੋ ਅਤੇ ਨਾਈਜੀਰੀਆ ਦੇ ਉਦਯੋਗ, ਵਪਾਰ ਅਤੇ ਨਿਵੇਸ਼ ਮੰਤਰੀ ਮਹਾਮਹਿਮ ਓਟੂਨਬਾ ਨਿਯੀ ਅਡੇਬਾਯੋ ਸ਼ਾਮਲ ਸਨ।

ਡਾ. ਜੈਸ਼ੰਕਰ ਨੇ ਅਫਰੀਕਾ-ਭਾਰਤ ਜੁੜਾਅ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਭਾਰਤੀ ਅਜ਼ਾਦੀ ਅੰਦੋਲਨ ਅਤੇ ਬਸਤੀਵਾਦ ਅਤੇ ਵਿਤਕਰੇ ਤੋਂ ਮੁਕਤ ਹੋਣ ਦੇ ਅਫਰੀਕੀ ਯਤਨਾਂ ਦੇ ਸਮੇਂ ਤੋਂ ਸ਼ੁਰੂ ਕਰਕੇ ਉਨ੍ਹਾਂ ਨੇ ਦੱਸਿਆ ਕਿ ਕਿਵੇਂ ਅਫਰੀਕਾ ਪ੍ਰਤੀ ਭਾਰਤ ਦੀ ਵਚਨਬੱਧਤਾ ਚਾਰ ਬਿੰਦੂਆਂ ਤੋਂ ਜ਼ਾਹਰ ਹੁੰਦੀ ਹੈ - ਯਾਨੀ ਵਿਕਾਸ ਵਿੱਚ ਭਾਈਵਾਲੀ, ਵਪਾਰ ਅਤੇ ਨਿਵੇਸ਼, ਲੋਕਾਂ ਦੇ ਪੱਧਰ 'ਤੇ, ਖ਼ਾਸਕਰ ਨੌਜਵਾਨ ਅਫਰੀਕੀ ਲੋਕਾਂ ਲਈ ਸਿੱਖਿਆ ਅਤੇ ਸਮਰੱਥਾ ਵਧਾਉਣ ਦੇ ਖੇਤਰਾਂ ਵਿੱਚ ਅਤੇ ਹਾਲ ਹੀ ਵਿੱਚ ਰੱਖਿਆ ਅਤੇ ਸਮੁੰਦਰੀ ਸੁਰੱਖਿਆ ਵਿੱਚ, ਮਜ਼ਬੂਤ ਸਬੰਧ। ਉਨ੍ਹਾਂ ਨੇ ਕਿਹਾ ਕਿ ਭਾਰਤ ਨੇ 37 ਅਫਰੀਕੀ ਦੇਸ਼ਾਂ ਅੰਦਰ 194 ਵਿਕਾਸ ਪ੍ਰੋਜੈਕਟ ਪੂਰੇ ਕੀਤੇ ਹਨ ਅਤੇ ਇਸ ਸਮੇਂ ਭਾਰਤ 29 ਦੇਸ਼ਾਂ ਵਿੱਚ 77 ਹੋਰ ਪ੍ਰਾਜੈਕਟ ਮੁਕੰਮਲ ਕਰਨ ਲਈ ਕੰਮ ਕਰ ਰਿਹਾ ਹੈ, ਜਿਸ ਉੱਤੇ ਕੁੱਲ 11.6 ਅਰਬ ਅਮਰੀਕੀ ਡਾਲਰ ਦਾ ਖਰਚਾ ਹੋਵੇਗਾ - ਇੰਨਾਂ ਪ੍ਰਾਜੈਕਟਾਂ ਦਾ ਦਾਇਰਾ ਬੁਨਿਆਦੀ ਢਾਂਚੇ ਤੋਂ ਲੈਕੇ ICT, ਬਿਜਲੀ ਉਤਪਾਦਨ ਅਤੇ ਵੰਡ ਤੋਂ ਲੈਕੇ ਪਾਣੀ ਅਤੇ ਸਿੰਜਾਈ, ਰੇਲਵੇ ਤੋਂ ਲੈਕੇ ਸੜਕਾਂ, ਖੇਤੀਬਾੜੀ ਤੋਂ ਲੈਕੇ ਖੰਡ ਦੇ ਪਲਾਂਟਾਂ ਤੱਕ ਫੈਲਿਆ ਹੋਇਆ ਹੈ। ਉਨ੍ਹਾਂ ਜ਼ੋਰ ਦੇ ਕੇ ਇਹ ਗੱਲ ਕਹੀ ਕਿ ਭਾਰਤ ਆਪਣੇ ਵਿਕਾਸ ਕਾਰਜਾਂ ਦਾ ਸਰਬੋਤਮ ਤਜ਼ਰਬਾ ਅਫ਼ਰੀਕਾ ਲੈ ਕੇ ਆਉਂਦਾ ਰਿਹਾ ਹੈ ਅਤੇ ਇਸ ਤਰਾਂ ਇਹ ਭਾਈਵਾਲੀ ਸਥਾਨਕ ਭਾਈਚਾਰਿਆਂ ਤੋਂ ਕੁਝ ਖੋਹਣ ਦੀ ਥਾਂ ਉਨ੍ਹਾਂ ਦੇ ਸਸ਼ਕਤੀਕਰਨ ਦੀ ਕੋਸ਼ਿਸ਼ ਹੈ।

ਵਿਦੇਸ਼ ਮੰਤਰੀ ਨੇ ਭਾਰਤ ਦੀ ਡਿਜੀਟਲ ਯਾਤਰਾ ਬਾਰੇ ਗੱਲ ਕੀਤੀ, ਜੋ ਭਾਰਤੀਆਂ ਨੂੰ ਸਿੱਖਿਆ, ਸਿਹਤ ਸੰਭਾਲ ਅਤੇ ਕਲਿਆਣਕਾਰੀ ਲਾਭ ਪਹੁੰਚਾਉਣ ਵਿੱਚ ਸ਼ਕਤੀਸ਼ਾਲੀ ਸਾਧਨ ਸਾਬਤ ਹੋਈ ਅਤੇ ਕਿੰਜ ਇਹ ਅਫ਼ਰੀਕਾ ਲਈ ਵੀ ਲਾਹੇਵੰਦ ਹੋ ਸਕਦਾ ਹੈ। e -ਵਿਦਿਆ ਭਾਰਤੀ ਅਤੇ e-ਆਰੋਗਯਾ ਭਾਰਤੀ ਰਾਹੀਂ ਪ੍ਰਮੁੱਖ ਭਾਰਤੀ ਵਿਦਿਅਕ ਅਦਾਰਿਆਂ ਅਤੇ ਹਸਪਤਾਲਾਂ ਨੂੰ ਟੈਲੀ-ਐਜੂਕੇਸ਼ਨ ਅਤੇ ਟੈਲੀ-ਮੈਡੀਸਨ ਸੇਵਾਵਾਂ ਦੇਣ ਲਈ 16 ਅਫਰੀਕੀ ਦੇਸ਼ਾਂ ਨਾਲ ਜੋੜਿਆ ਗਿਆ ਹੈ।

ਵਿਦੇਸ਼ ਮੰਤਰੀ ਨੇ ਇਹ ਵੀ ਤਫ਼ਸੀਲ ਨਾਲ ਦੱਸਿਆ ਕਿ ਕਿੰਜ ਭਾਰਤੀ ਨਿਵੇਸ਼ ਸਦਕਾ ਅਫਰੀਕੀ ਮੁਲਕਾਂ ਅੰਦਰ ਊਰਜਾ, ਖਣਨ, ਬੈਂਕਿੰਗ, ਕਪੜਾ ਅਤੇ ਹੋਰ ਖੇਤਰਾਂ ਵਿੱਚ ਨੌਕਰੀਆਂ ਅਤੇ ਮੌਕੇ ਪੈਦਾ ਹੋਏ ਹਨ, ਉਨ੍ਹਾਂ ਨੇ ਖਾਸ ਤੌਰ ਤੇ ਮੋਜ਼ਾਮਬੀਕ ਅੰਦਰ ਇੱਕ ਗੈਸ ਫੀਲਡ ਵਿੱਚ ਲਗਭਗ 7 ਅਰਬ ਡਾਲਰ ਦੇ ਨਿਵੇਸ਼ ਅਤੇ ਦੱਖਣੀ ਸੁਡਾਨ, ਉੱਤਰ ਅਤੇ ਪੱਛਮੀ ਅਫਰੀਕਾ ਅੰਦਰ ਭਾਰਤੀ ਨਿਵੇਸ਼ ਦਾ

ਜ਼ਿਕਰ ਕੀਤਾ| ਉਨ੍ਹਾਂ ਨੇ ਵੰਨ ਸੁਵੰਨੇ ਵਿਸ਼ਿਆਂ ਵਿੱਚ ਡਿਗਰੀ ਅਤੇ ਥੋੜ੍ਹੇ ਸਮੇਂ ਦੇ ਕੋਰਸਾਂ ਲਈ ਭਾਰਤ ਆਉਣ ਵਾਲੇ ਹਜ਼ਾਰਾਂ ਅਫਰੀਕੀ ਵਿਦਿਆਰਥੀਆਂ ਦੇ ਭਾਰਤ ਵੱਲੋਂ ਕੀਤੇ ਜਾਂਦੇ ਸਵਾਗਤ ਦਾ ਜ਼ਿਕਰ ਕੀਤਾ; ਅਫਰੀਕਾ ਭਰ ਵਿੱਚ ਮਿਲਣ ਵਾਲੇ ਭਾਰਤੀ ਮੂਲ ਦੇ ਸਮੁਦਾਏ ਵੱਲੋਂ ਅਫ਼ਰੀਕੀ ਮਹਾਂਦੀਪ ਦੀ ਮਨੁੱਖੀ ਪੂੰਜੀ ਵਿੱਚ ਪਾਏ ਯੋਗਦਾਨ ਅਤੇ ਅਫਰੀਕਾ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਪਰਾਹੁਣਚਾਰੀ ਦਾ ਵੀ ਜ਼ਿਕਰ ਹੋਇਆ|

ਵਿਦੇਸ਼ ਮੰਤਰੀ ਨੇ ਆਪਣਾ ਭਾਸ਼ਣ ਇਹ ਮੰਨਦੇ ਹੋਏ ਖਤਮ ਕੀਤਾ ਕਿ ਰੱਖਿਆ ਅਤੇ ਸੁਰੱਖਿਆ ਸਹਿਯੋਗ ਭਾਰਤ ਅਤੇ ਅਫਰੀਕਾ ਲਈ 21ਵੀਂ ਸਦੀ ਦਾ ਮਹੱਤਵਪੂਰਨ ਥੰਮ ਹੈ: ਭਾਰਤ ਨੇ ਕਈ ਅਫਰੀਕੀ ਦੇਸ਼ਾਂ ਅੰਦਰ ਸਟਾਫ ਅਤੇ ਕਮਾਂਡ ਕਾਲਜ ਸਥਾਪਤ ਕਰਨ ਵਿੱਚ ਮਦਦ ਕੀਤੀ ਹੈ ਅਤੇ ਭਾਰਤੀ ਸੈਨਿਕ ਸੰਸਥਾਵਾਂ ਵਿੱਚ ਹਜ਼ਾਰਾਂ ਅਧਿਕਾਰੀਆਂ ਅਤੇ ਸੈਨਿਕਾਂ ਨੂੰ ਸਿਖਲਾਈ ਦਿੱਤੀ ਹੈ| ਅਫਰੀਕਾ ਅੰਦਰ ਹੋਏ ਸ਼ਾਂਤੀ ਰੱਖਿਅਕ ਕਾਰਜਾਂ ਵਿਚ ਭਾਰਤ ਦੇ ਰਿਕਾਰਡ ਨੂੰ ਸ਼ਲਾਘਾ ਮਿਲੀ ਹੈ ਅਤੇ ਹੁਣ HADR ਮਿਸ਼ਨਾਂ ਸਮੇਤ ਸਮੁੰਦਰੀ ਸੁਰੱਖਿਆ ਇਕ ਨਵਾਂ ਮੋਰਚਾ ਖੁੱਲਿਆ ਹੈ|

ਅਫਰੀਕੀ ਆਗੂਆਂ ਨੇ ਅਫਰੀਕੀ ਦੇਸ਼ਾਂ ਵਿੱਚ COVID ਨਾਲ ਸਬੰਧਤ ਦਵਾਈਆਂ ਅਤੇ ਡਾਕਟਰੀ ਟੀਮਾਂ ਭੇਜਣ ਲਈ ਭਾਰਤ ਦੀ ਖੁੱਲ੍ਹੇ ਦਿਲ ਤੋਂ ਸ਼ਲਾਘਾ ਕੀਤੀ| ਕੁਝ ਮੰਤਰੀਆਂ ਨੇ ਆਪਣੇ ਮੁਲਕਾਂ ਅੰਦਰ ਅਜਿਹੇ ਵਿਸ਼ੇਸ਼ ਪ੍ਰਾਜੈਕਟਾਂ ਦੀ ਰੂਪਰੇਖਾ ਦਾ ਵਿਸਥਾਰਤ ਜ਼ਿਕਰ ਕੀਤਾ, ਜੋ ਭਾਰਤ ਸਰਕਾਰ ਦੀ ਗ੍ਰਾਂਟ ਸਹਾਇਤਾ ਜਾਂ ਰਿਆਇਤੀ ਕਰਜ਼ਿਆਂ ਨਾਲ ਸਥਾਪਤ ਕੀਤੇ ਗਏ ਹਨ| ਉਨ੍ਹਾਂ ਨੇ ਉਨ੍ਹਾਂ ਦੇ ਨਾਗਰਿਕਾਂ ਲਈ ਸਮਰੱਥਾ ਵਧਾਉਣ ਦੇ ਪ੍ਰੋਗਰਾਮਾਂ ਲਈ ਵੀ ਭਾਰਤ  ਦੀ ਨਿੱਘੀ ਸ਼ਲਾਘਾ ਕੀਤੀ|

ਜਿਥੇ ਇੱਕ ਪਾਸੇ ਅਫ਼ਰੀਕੀ ਮੰਤਰੀਆਂ ਨੇ ਮਹਾਂਮਾਰੀ ਦੇ ਮਾੜੇ ਪ੍ਰਭਾਵਾਂ ਦੀ ਗੱਲ ਕੀਤੀ ਅਤੇ ਇਹ ਵੀ ਜ਼ਿਕਰ ਕੀਤਾ ਕਿ ਕਿੰਜ ਇਸ ਕਾਰਨ ਕੁਝ ਅਫਰੀਕੀ ਦੇਸ਼ਾਂ ਅੰਦਰ ਕਈ ਸਾਲਾਂ ਵਿੱਚ ਪਹਿਲੀ ਮੰਦੀ ਆਈ ਹੈ, ਉਨ੍ਹਾਂ ਨੇ 2019 ਵਿੱਚ ਅਫਰੀਕੀ ਮਹਾਂਦ੍ਵੀਪੀ ਮੁਕਤ ਵਪਾਰ ਸਮਝੌਤਾ (AfCFTA) ਲਾਗੂ ਹੋਣ  ’ਤੇ ਵੀ ਤਸੱਲੀ ਪ੍ਰਗਟਾਈ ਅਤੇ ਇੱਕ ਮਹਾਂਦ੍ਵੀਪੀ ਬਾਜ਼ਾਰ ਦੀ ਸਥਾਪਨਾ ਨਾਲ ਉਨ੍ਹਾਂ ਦੇ ਦੇਸ਼ਾਂ ਵਿੱਚ ਵਪਾਰ, ਰੁਜ਼ਗਾਰ ਅਤੇ ਨਿਵੇਸ਼ ਵਿੱਚ ਵਾਧਾ ਹੋਣ ਦੀ ਆਪਣੀ ਇੱਛਾਵਾਂ ਦੀ ਵੀ ਗੱਲ ਕੀਤੀ. ਆਪਣੀ ਟਿੱਪਣੀ ਵਿਚ ਵਿਦੇਸ਼ ਮੰਤਰੀ ਨੇ ਵੀ ਇਸ ਮਹੱਤਵਪੂਰਨ FTA ਦੇ ਲਾਗੂ ਹੋਣ ਦਾ ਸਵਾਗਤ ਕੀਤਾ ਅਤੇ ਯਾਦ ਦਿਵਾਇਆ ਕਿ ਜੁਲਾਈ, 2019 ਵਿਚ ਨਾਈਜਰ ਅੰਦਰ ਹੋਏ AU ਸੰਮੇਲਨ ਤੋਂ ਬਾਅਦ ਇਸਦਾ ਕਾਰਜਸ਼ੀਲ ਪੜਾਅ ਸ਼ੁਰੂ ਹੋਇਆ ਸੀ, ਜਿਸ ਦੇ ਕਈ ਸਤਰ ਭਾਰਤੀ ਸਰਕਾਰ ਦੀ ਗ੍ਰਾਂਟ ਸਹਾਇਤਾ ਨਾਲ ਬਣੇ ਅਤਿ ਆਧੁਨਿਕ ਕਨਵੈਨਸ਼ਨ ਸੈਂਟਰ - ਮਹਾਤਮਾ ਗਾਂਧੀ ਅੰਤਰਰਾਸ਼ਟਰੀ ਸੰਮੇਲਨ ਕੇਂਦਰ - ਵਿਚ ਹੋਏ ਸਨ|

ਇਸ ਉਦਘਾਟਨੀ ਸਤਰ ਨੂੰ CII ਦੇ ਪ੍ਰਧਾਨ ਸ਼੍ਰੀ ਉਦੈ ਕੋਟਕ ਅਤੇ ਸੰਮੇਲਨ ਦੇ ਪ੍ਰਬੰਧਕ ਭਾਰਤੀ EXIM ਬੈਂਕ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਡੇਵਿਡ ਰਸਕਿਨ੍ਹਾ ਨੇ ਵੀ ਸੰਬੋਧਤ ਕੀਤਾ| ਅਫਰੀਕਾ-ਭਾਰਤ ਸੰਮੇਲਨ ਅਗਲੇ ਦੋ ਦਿਨਾਂ ਦੌਰਾਨ ਹੋਵੇਗਾ, ਜਿਸਨੂੰ 27 ਮੰਤਰੀ ਸੰਬੋਧਿਤ ਕਰਨਗੇ, ਜੋ ਇਸ ਦੇ 15 ਸਾਲਾਂ ਦੇ ਇਤਿਹਾਸ ਵਿਚ ਮੰਤਰੀਆਂ ਦੀ ਸਭ ਤੋਂ ਵੱਡੀ ਭਾਗੀਦਾਰੀ ਹੋਵੇਗੀ|

ਨਵੀਂ ਦਿੱਲੀ
22 ਸਤੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.